# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)**

ਫੋਨ ਨੰ: 0172-2212221, ਈ.ਮੇਲ: **scertaffiliation@punjabeducation.gov.in**


ਵੱਲ

1. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲਜ਼ ,ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ।
2. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲਜ਼, ਸੈਲਫ ਫਾਈਨਾਂਸਡ ਕਾਲਜ।

ਮੀਮੋ ਨੰ: ਈ. 599771

ਮਿਤੀ ਐਸ.ਏ.ਐਸ.ਨਗਰ : 03.06.2024

ਵਿਸ਼ਾ: ਡੀ.ਐਲ.ਐਡ. ਡਿਪਲੋਮਾ ਕੋਰਸ ਸੈਸ਼ਨ 2023-25 ਦੇ ਦਾਖਲਿਆਂ ਦੀ ਤੀਜੀ ਕਾਉਂਸਲਿੰਗ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਡੀ.ਐਲ.ਐਡ. ਡਿਪਲੋਮਾ ਕੋਰਸ ਸੈਸ਼ਨ 2023-25 ਦੇ ਦਾਖਲੇ ਸਬੰਧੀ ਤੀਜੀ ਅਤੇ ਅੰਤਿਮ ਕਾਊਂਸਲਿੰਗ ਮਿਤੀ 05-06-2024 ਤੋ 07.06.2024 ਤੱਕ ਕੀਤੀ ਜਾ ਰਹੀ ਹੈ, ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

1. ਇਹ ਕਾਉਂਸਲਿੰਗ ਹੇਠ ਲਿਖੇ ਅਨੁਸਾਰ ਬਣਾਏ ਗਏ ਕਾਊਂਸਲਿੰਗ ਸੈਂਟਰਾਂ ਵਿੱਚ ਕੀਤੀ ਜਾਵੇਗੀ:

| ਲੜੀ ਨੰ: | ਜਿਲ੍ਹੇ ਦਾ ਨਾਮ | ਕਾਊਂਸਲਿੰਗ ਸੈਂਟਰ ਦਾ ਨਾਮ |
|---|---|---|
| 1. | ਅੰਮ੍ਰਿਤਸਰ | ਡਾਇਟ ਵੇਰਕਾ (ਅੰਮ੍ਰਿਤਸਰ) |
| 2. | ਤਰਨਤਾਰਨ | |
| 3. | ਬਠਿੰਡਾ | ਡਾਇਟ ਦਿਓਣ (ਬਠਿੰਡਾ) |
| 4. | ਸ੍ਰੀ ਫਤਿਹਗੜ੍ਹ ਸਾਹਿਬ | ਡਾਇਟ ਸ੍ਰੀ ਫਤਿਹਗੜ੍ਹ ਸਾਹਿਬ |
| 5. | ਫਿਰੋਜ਼ਪੁਰ | ਡਾਇਟ ਫਿਰੋਜਪੁਰ |
| 6. | ਫਾਜ਼ਿਲਕਾ | |
| 7. | ਫਰੀਦਕੋਟ | ਡਾਇਟ ਫਰੀਦਕੋਟ |
| 8. | ਗੁਰਦਾਸਪੁਰ | ਡਾਇਟ ਗੁਰਦਾਸਪੁਰ |
| 9. | ਪਠਾਨਕੋਟ | |
| 10. | ਹੁਸ਼ਿਆਰਪੁਰ | ਡਾਇਟ ਅੱਜੋਵਾਲ (ਹੁਸਿਆਰਪੁਰ) |
| 11. | ਜਲੰਧਰ | ਡਾਇਟ ਰਾਮਪੁਰ ਲੱਲ੍ਹੀਆਂ, (ਜਲੰਧਰ) |
| 12. | ਕਪੂਰਥਲਾ | ਡਾਇਟ ਸ਼ੇਖੂਪੁਰਾ (ਕਪੂਰਥਲਾ) |

| | | |
|---|---|---|
| 13. | ਲੁਧਿਆਣਾ | ਡਾਇਟ ਜਗਰਾਓਂ (ਲੁਧਿਆਣਾ) |
| 14. | ਮਾਨਸਾ | ਡਾਇਟ ਅਹਿਮਦਪੁਰ (ਮਾਨਸਾ) |
| 15. | ਮੋਗਾ | ਡਾਇਟ ਮੋਗਾ |
| 16. | ਸ੍ਰੀ ਮੁਕਤਸਰ ਸਾਹਿਬ | ਡਾਇਟ ਬਰਕੰਦੀ (ਸ੍ਰੀ ਮੁਕਤਸਰ ਸਾਹਿਬ) |
| 17. | ਨਵਾਂ ਸ਼ਹਿਰ | ਡਾਇਟ ਨੌਰਾ (ਨਵਾਂ ਸ਼ਹਿਰ) |
| 18. | ਨਾਭਾ, ਪਟਿਆਲਾ | ਡਾਇਟ ਨਾਭਾ (ਪਟਿਆਲਾ) |
| 19. | ਸੰਗਰੂਰ ਅਤੇ ਮਲੇਰਕੋਟਲਾ | ਡਾਇਟ ਸੰਗਰੂਰ |
| 20. | ਬਰਨਾਲਾ | |
| 21. | ਰੂਪਨਗਰ | ਡਾਇਟ ਰੂਪਨਗਰ |
| 22. | ਐਸ.ਏ.ਐਸ.ਨਗਰ | |

2. ਕਾਊਂਸਲਿੰਗ ਸੈਂਟਰ ਤੇ ਹੇਠ ਲਿਖੇ infrastructure ਦਾ ਪੁਖਤਾ ਪ੍ਰਬੰਧ ਸਬੰਧਤ ਜ਼ਿਲ੍ਹੇ ਦੇ ਡਾਇਟ ਪ੍ਰਿੰਸੀਪਲ ਦੁਆਰਾ ਯਕੀਨੀ ਬਣਾਇਆ ਜਾਵੇ।

(ੳ.) ਦੋ ਕੰਪਿਊਟਰ ਜਾਂ ਦੋ ਲੈਪਟਾਪ

(ਅ.) ਪ੍ਰਿੰਟਰ (ਚਲਦੀ ਹਾਲਤ ਵਿੱਚ)

(ੲ.) ਪ੍ਰੋਜੈਕਟਰ

(ਸ.) ਸਕਰੀਨ

(ਹ.) ਜਨਰੇਟਰ / ਪਾਵਰ ਬੈਕਅੱਪ

(ਕ.) ਜਨਰੇਟਰ ਲਈ ਡੀਜ਼ਲ

(ਖ.) ਇੰਟਰਨੈਟ ਦੀ ਉਪਲਬਧਤਾ

(ਗ.) 100 ਉਮੀਦਵਾਰਾਂ (ਸਮੇਤ ਮਾਪੇ / ਗਾਰਡੀਅਨ) ਦੇ ਬੈਠਣ ਦਾ ਪ੍ਰਬੰਧ

(ਘ.) ਪੀਣ ਵਾਲੇ ਪਾਣੀ ਦਾ ਪ੍ਰਬੰਧ

(ਙ) ਟੁਆਲਿਟ ਦਾ ਪ੍ਰਬੰਧ

3. ਲੜੀ ਨੰ. (ੳ) ਤੋਂ (ਙ) ਤੱਕ ਸਾਰਾ ਇਨਫਰਾਸਟਰਕਚਰ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨੂੰ ਕਾਊਂਸਲਿੰਗ ਤੋਂ ਪਹਿਲਾਂ ਚੈੱਕ ਕਰਵਾਇਆ ਜਾਵੇ ਤਾਂ ਜੋ ਅਸਲ ਕਾਊਂਸਲਿੰਗ ਤੋਂ ਪਹਿਲਾਂ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ Dummy Counselling ਦੇ demo ਦੇ ਸਕੇ।ਇਸ ਦਾ ਸਾਰਾ ਇੰਤਜ਼ਾਮ ਸੰਸਥਾ ਮੁੱਖੀ / ਕਾਊਂਸਲਿੰਗ ਸੈਂਟਰ ਮੁੱਖੀ ਯਕੀਨੀ ਬਣਾਉਣਗੇ।ਕਿਸੇ ਕਿਸਮ ਦੀ ਅਣਗਹਿਲੀ ਦੀ ਸੂਰਤ ਵਿੱਚ ਸੰਸਥਾ ਮੁੱਖੀ ਦੀ ਨਿਰੋਲ ਜਿੰਮੇਵਾਰੀ ਹੋਵੇਗੀ।

4. ਇਸ ਕਾਊਂਸਲਿੰਗ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਹਰ ਕਾਊਂਸਲਿੰਗ ਸੈਂਟਰ ਲਈ ਇੱਕ ਕਮੇਟੀ ਦਾ ਗਠਨ ਕੀਤਾ ਜਾਵੇ, ਜਿਸ ਦਾ ਮੁਖੀ ਡਾਇਟ ਪ੍ਰਿੰਸੀਪਲ ਹੋਵੇ। ਡਾਇਟ ਵਿੱਚ ਪੱਕਾ ਪ੍ਰਿੰਸੀਪਲ ਨਾਂ ਹੋਣ ਦੀ ਸੂਰਤ ਵਿੱਚ ਸਬੰਧਤ ਜਿਲ੍ਹੇ ਦਾ ਡਿਪਟੀ ਡੀ.ਈ.ਓ. (ਸੈ:ਸਿ:) ਉਸ ਜਿਲ੍ਹੇ ਦੀ ਕਮੇਟੀ ਦਾ ਮੁਖੀ ਹੋਵੇਗਾ। ਕਮੇਟੀ ਵਿੱਚ

ਦੋ ਲੈਕਚਰਾਰ ਅਤੇ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਹੋਣਗੇ। ਡਾਇਟ ਵਿੱਚ ਲੈਕਚਰਾਰ ਨਾ ਹੋਣ ਦੀ ਸੂਰਤ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਨਾਲ ਤਾਲਮੇਲ ਕਰਕੇ ਕਮੇਟੀ ਲਈ ਲੈਕਚਰਾਰ ਦੇ ਨਾਮ ਲੈ ਲਏ ਜਾਣ।

5. ਸਭ ਤੋਂ ਪਹਿਲਾਂ ਉਮੀਦਵਾਰਾਂ ਦੀ manual ਅਤੇ website ਤੇ ਹਾਜਰੀ ਲਗਵਾਉਣੀ ਯਕੀਨੀ ਬਣਾਈ ਜਾਵੇ। ਬਿਨਾਂ ਹਾਜਰੀ ਤੋਂ ਉਮੀਦਵਾਰ ਨੂੰ ਕਾਊਂਸਲਿੰਗ ਵਿੱਚ ਹਾਜਰ ਨਾ ਕਰਵਾਇਆ ਜਾਵੇ। ਇਸ ਤੋਂ ਇਲਾਵਾ ਪ੍ਰਿੰਸੀਪਲ ਡਾਇਟ ਵੱਲੋਂ ਇੱਕ ਹੋਰ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਕਾਊਂਸਲਿੰਗ ਸੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੇ ਲੋੜੀਂਦੇ ਸਾਰੇ ਅਸਲ ਦਸਤਾਵੇਜ (ਪੰਜਾਬ ਦਾ ਰਿਹਾਇਸ਼ੀ ਸਰਟੀਫਿਕੇਟ, ਦਸਵੀਂ, ਬਾਹਰਵੀਂ, ਗਰੈਜੂਏਸ਼ਨ ਅਤੇ ਹੋਰ ਦਸਤਾਵੇਜ਼) ਨੋਟੀਫਿਕੇਸ਼ਨ ਅਨੁਸਾਰ ਚੈੱਕ ਕਰੇਗੀ ਅਤੇ ਫਿਰ ਉਮੀਦਵਾਰ ਕਾਊਂਸਲਿੰਗ ਵਿੱਚ ਸਾਮਿਲ ਹੋਵੇਗਾ। ਜੇਕਰ ਉਮੀਦਵਾਰ ਦੇ ਦਸਤਾਵੇਜ਼ ਸਹੀ ਨਹੀਂ ਪਾਏ ਜਾਂਦੇ ਤਾਂ ਉਸ ਨੂੰ disqualify ਕਰ ਦਿੱਤਾ ਜਾਵੇ ਅਤੇ ਇਸ ਸਬੰਧੀ website ਤੇ ਵੀ option ਮੁਹੱਈਆ ਕਰਵਾਈ ਜਾ ਰਹੀ ਹੈ । ਜੇਕਰ ਕੋਈ ਦਸਤਾਵੇਜ਼ ਬਾਅਦ ਵਿੱਚ ਗਲਤ ਪਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਡਾਇਟ ਪ੍ਰਿੰਸੀਪਲ/ ਕਮੇਟੀ ਦੀ ਹੋਵੇਗੀ।

6. ਜਿਹਨਾਂ ਡਾਇਟਾਂ ਵਿੱਚ ਸਟਾਫ ਦੀ ਘਾਟ ਹੈ, ਉਹ ਡਾਇਟ ਪ੍ਰਿੰਸੀਪਲ / ਇੰਚਾਰਜ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਨਾਲ ਸੰਪਰਕ ਕਰਕੇ ਲੋੜੀਂਦਾ ਸਟਾਫ ਪਹਿਲਾਂ ਹੀ ਮੁਹੱਈਆ ਕਰਵਾ ਲੈਣ ਅਤੇ ਕਮੇਟੀ ਦਾ ਪੂਰਾ ਗਠਨ ਕਰਵਾ ਲੈਣ। ਇਸ ਦੀ ਨਿਰੋਲ ਜ਼ਿੰਮੇਵਾਰੀ ਵੀ ਡਾਇਟ ਪ੍ਰਿੰਸੀਪਲ / ਇੰਚਾਰਜ ਦੀ ਹੋਵੇਗੀ।

7. ਵਜ਼ੀਫੇ ਲਈ ਯੋਗ ਐਸ.ਸੀ. ਉਮੀਦਵਾਰਾਂ ਤੋਂ ਸੰਸਥਾਵਾਂ (ਸਰਕਾਰੀ ਤੇ ਗੈਰ-ਸਰਕਾਰੀ) ਭਲਾਈ ਵਿਭਾਗ ਪੰਜਾਬ ਦੁਆਰਾ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ / ਨੋਟੀਫਿਕੇਸ਼ਨ ਅਨੁਸਾਰ ਹੀ ਫੀਸ ਵਸੂਲ ਕਰਨਗੀਆਂ।

8. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਾਰੀ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਸੀਟ ਮੈਟ੍ਰਿਕਸ ਐਸ.ਸੀ.ਈ.ਆਰ.ਟੀ.ਪੰਜਾਬ ਵਲੋਂ ਤਿਆਰ ਕੀਤਾ ਗਿਆ ਹੈ, ਜੋ ਕਿ ਐਮ.ਆਈ.ਐਸ.ਵਿੰਗ, ਦਫ਼ਤਰ ਡੀ.ਜੀ.ਐਸ.ਈ., ਪੰਜਾਬ ਵੱਲੋਂ ਅਪਲੋਡ ਕੀਤਾ ਜਾਵੇਗਾ ਅਤੇ ਕਾਊਂਸਲਿੰਗ ਦੌਰਾਨ ਮੋਨੀਟਰ ਵੀ ਕੀਤਾ ਜਾਵੇਗਾ। ਸੀਟ ਮੈਟ੍ਰਿਕਸ ਸਰਕਾਰੀ ਅਤੇ ਸੈਲਫ ਫਾਈਨਾਂਸਡ ਡੀ.ਐਲ.ਐਡ. ਕਾਲਜਾਂ ਦੀ ਸੂਚੀ ਵੀ ਡੀ.ਐਮ ਐਮ.ਆਈ.ਐਸ ਨੂੰ ਭੇਜੀ ਜਾ ਚੁੱਕੀ ਹੈ।

**<u>ਕਾਊਂਸਲਿੰਗ ਸਬੰਧੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵੇਗੀ:-</u>**

- ਕਾਊਂਸਲਿੰਗ ਲਈ ਉਮੀਦਵਾਰ ਦੀ ਹਾਜ਼ਰੀ ਯਕੀਨੀ ਬਣਾਉਣਾ ਉਸਦੀ ਆਪਣੀ ਜਿੰਮੇਵਾਰੀ ਅਤੇ ਉਮੀਦਵਾਰ ਦੇ ਮਾਪਿਆਂ/ਗਾਰਡੀਅਨਜ਼ ਦੀ ਹੋਵੇਗੀ।
- ਕਾਊਂਸਲਿੰਗ ਅਤੇ ਦਾਖਲਾ ਲੈਣ ਸਮੇਂ ਉਮੀਦਵਾਰ ਨਿੱਜੀ ਤੌਰ ਤੇ ਖੁੱਦ ਹਾਜ਼ਰ ਹੋਵੇਗਾ। ਉਮੀਦਵਾਰ ਕਿਸੇ ਵੀ ਜ਼ਿਲ੍ਹੇ ਨਾਲ ਸਬੰਧਤ ਹੈ ਉਹ ਦਾਖਲੇ ਸਬੰਧੀ ਕਾਊਂਸਲਿੰਗ ਲਈ ਕਿਸੇ ਵੀ ਨੇੜੇ ਦੀ ਸਬੰਧਤ ਡਾਇਟ/ ਕਲੱਬਡ ਡਾਇਟ ਵਿੱਚ ਜਾ ਸਕਦਾ ਹੈ।
- ਕਾਊਂਸਲਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਹੈ। ਕਾਊਂਸਲਿੰਗ ਲਈ ਉਮੀਦਵਾਰ ਘੱਟੋ ਘੱਟ ਇੱਕ ਘੰਟਾ ਪਹਿਲਾਂ ਆਪਣੀ ਹਾਜ਼ਰੀ ਯਕੀਨੀ ਬਣਾਵੇਗਾ।
- ਸਟੇਸ਼ਨ ਚੋਣ ਪ੍ਰਕਿਰਿਆ ਅਤੇ ਸਡਿਊਲ ਅਨੁਸਾਰ ਸਾਰੇ ਉਮੀਦਵਾਰਾਂ ਨੂੰ ਮੈਰਿਟ ਵਾਈਜ਼ ਸਬੰਧਤ ਕਾਊਂਸਲਿੰਗ ਸੈਂਟਰ ਵਿੱਚ ਬੁਲਾਇਆ ਜਾਵੇਗਾ। ਉਮੀਦਵਾਰ ਵੱਲੋਂ ਮੈਰਿਟ ਦੇ ਅਨੁਸਾਰ ਖਾਲੀ / ਉਪਲਬਧ ਸਟੇਸ਼ਨਾਂ ਵਿੱਚੋਂ ਕਿਸੇ ਇੱਕ ਸਟੇਸ਼ਨ ਦੀ ਚੋਣ ਮੌਕੇ ਤੇ ਕੀਤੀ ਜਾਵੇਗੀ ਅਤੇ ਮੌਕੇ ਤੇ ਹੀ ਉਸਨੂੰ ਚੁਣੇ ਹੋਏ ਸਟੇਸ਼ਨ ਤੇ ਸੀਟ ਅਲਾਟ ਕਰ ਦਿੱਤੀ ਜਾਵੇਗੀ ਜੋ ਬਾਅਦ ਵਿੱਚ ਬਦਲੀ ਨਹੀਂ ਜਾਵੇਗੀ। ਮੈਰਿਟ ਸੂਚੀ ਵਿੱਚ ਉਮੀਦਵਾਰ ਨੂੰ

ਸ਼ਾਮਿਲ ਕਰਨ ਨੂੰ ਇਹ ਨਾ ਸਮਝਿਆ ਜਾਵੇ ਕਿ ਉਮੀਦਵਾਰ ਨੂੰ ਯਕੀਨੀ ਸੀਟ ਅਲਾਟ ਕੀਤੀ ਜਾਵੇਗੀ। ਮੈਰਿਟ ਸੂਚੀ ਵਿੱਚ ਦਰਜ ਉਮੀਦਵਾਰਾਂ ਨੂੰ ਉਸ ਦੀ ਕੈਟਗਾਰੀ ਅਨੁਸਾਰ ਅਤੇ ਸੀਟਾਂ ਦੀ ਉਪਲਬਧਤਾ ਦੇ ਆਧਾਰ ਤੇ ਹੀ ਵਿਚਾਰਿਆ ਜਾਵੇਗਾ। ਕਾਊਂਸਲਿੰਗ ਵਿੱਚ ਕੈਟਗਾਰੀ ਵਾਈਜ਼ ਆਖਰੀ ਸੀਟ ਉਮੀਦਵਾਰ ਨੂੰ ਅਲਾਟ ਹੋਣ ਤੋਂ ਬਾਅਦ ਉਸ ਕੈਟਾਗਰੀ ਦੇ ਮੈਰਿਟ ਸੂਚੀ ਵਿੱਚ ਦਰਜ ਬਾਕੀ ਉਮੀਦਵਾਰਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਵੇਗਾ।

- ਵਿਭਾਗ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਅਨੁਸਾਰ ਜਿਹੜੇ ਉਮੀਦਾਵਾਰਾਂ ਵੱਲੋਂ ਕੋਰਸ ਵਿੱਚ ਦਾਖਲਾ ਲੈਣ ਲਈ ਨਿਰਧਾਰਿਤ ਕੀਤੀ ਗਈ ਘੱਟੋ ਘੱਟ ਵਿੱਦਿਅਕ ਯੋਗਤਾ ਭਾਵ ਜਨਰਲ ਕੈਟਾਗਾਰੀ ਲਈ ਗਰੈਜੂਏਸ਼ਨ ਵਿੱਚ ਘੱਟੋ ਘੱਟ 50% ਅੰਕ ਅਤੇ ਰਿਜ਼ਰਵ ਕੈਟਾਗਰੀ (ਭਾਵ ਐਸ.ਸੀ., ਬੀ.ਸੀ. /ੳ.ਬੀ.ਸੀ. ਅਤੇ ਫਿਜੀਕਲੀ ਹੈਂਡੀਕੈਪਡ) ਲਈ 45% ਅੰਕ ਪ੍ਰਾਪਤ ਕੀਤੇ ਹੋਣੇ ਲਾਜਮੀ ਹਨ। ਇਸ ਤੋਂ ਘੱਟ ਵਿੱਦਿਅਕ ਯੋਗਤਾ ਦੇ ਉਮੀਦਵਾਰ ਨੂੰ ਕਾਊਂਸਲਿੰਗ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਇਸ ਤੋਂ ਇਲਾਵਾ ਪ੍ਰਵੇਸ਼ ਪ੍ਰੀਖਿਆ ਵਿੱਚ ਜਨਰਲ ਕੈਟਾਗਰੀ ਵਾਲੇ ਉਮੀਦਵਾਰਾਂ ਵੱਲੋਂ ਘੱਟੋ ਘੱਟ 75 ਅੰਕ ਜਾਂ ਇਸ ਤੋਂ ਵੱਧ ਅੰਕ ਅਤੇ ਰਿਜ਼ਰਵ ਕੈਟਾਗਰੀ (ਭਾਵ ਐਸ.ਸੀ., ਬੀ.ਸੀ. /ੳ.ਬੀ.ਸੀ. ਅਤੇ ਫਿਜੀਕਲੀ ਹੈਂਡੀਕੈਪਡ) ਦੇ ਉਮੀਦਵਾਰਾਂ ਵੱਲੋਂ ਘੱਟੋ ਘੱਟ 67 ਅੰਕ ਨਾਲ ਪਾਸ ਹੋਣਾ ਲਾਜਮੀ ਹੈ। ਪ੍ਰਵੇਸ਼ ਪ੍ਰੀਖਿਆ ਵਿੱਚ ਇਸ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਕਾਊਂਸਲਿੰਗ ਵਿੱਚ ਭਾਗ ਲੈਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
- ਪ੍ਰੋਜੈਕਟਰ ਦੀ ਸਕਰੀਨ ਤੇ ਸੀਟ ਮੈਟ੍ਰਿਕਸ ਅਨੁਸਾਰ ਪੂਰੇ ਪੰਜਾਬ ਭਰ ਦੀਆਂ ਸੀਟਾਂ (ਡਾਇਟਸ / ਸੈਲਫ ਫਾਈਨਾਂਸਡ ਕਾਲਜਾਂ ਦੀਆਂ ਸੀਟਾਂ) ਦੀ ਉਪਲਬਧਤਾ ਦਰਸਾਈ ਜਾਵੇਗੀ।
- ਹਰ ਉਮੀਦਵਾਰ ਆਪਣੇ ਗਰੁੱਪ ਅਤੇ ਕੈਟਾਗਰੀ ਵਾਈਜ਼ ਮੈਰਿਟ ਦੇ ਆਧਾਰ ਤੇ ਖਾਲੀ ਸੀਟਾਂ ਵਿੱਚੋਂ ਕਿਸੇ ਇੱਕ ਸੀਟ ਦੀ ਚੋਣ ਕਰ ਸਕਦਾ ਹੈ।
- ਜੇਕਰ ਕੋਈ ਉਮੀਦਵਾਰ ਆਪਣੀ ਨਿਰਧਾਰਿਤ ਮੈਰਿਟ ਅਨੁਸਾਰ ਦੋ ਵਾਰ ਬੁਲਾਉਣ ਤੇ ਹਾਜ਼ਿਰ ਨਹੀਂ ਹੁੰਦਾ ਤੇ ਬਾਅਦ ਵਿੱਚ ਉਸੇ ਦਿਨ ਉਹ ਕਿਸੇ ਹੋਰ ਸਮੇਂ ਦੌਰਾਨ ਹਾਜ਼ਿਰ ਹੁੰਦਾ ਹੈ ਤਾਂ ਉਸਨੂੰ ਉਸ ਦਿਨ ਦੀਆਂ ਬਚਦੀਆਂ ਸੀਟਾਂ ਵਿਚੋਂ ਹੀ ਉਸ ਲਈ ਸੀਟ ਵਿਚਾਰੀ ਜਾਵੇਗੀ। ਜੇਕਰ ਉਹ ਆਪਣੀ ਕਾਊਂਸਲਿੰਗ ਵਾਲੇ ਦਿਨ ਸ਼ਾਮ ਤੱਕ ਵੀ ਹਾਜ਼ਿਰ ਨਹੀਂ ਹੁੰਦਾ ਤਾਂ ਉਸ ਨੂੰ ਦਾਖਲੇ ਦਾ ਹੋਰ ਕੋਈ ਵੀ ਮੌਕਾ ਨਹੀਂ ਦਿੱਤਾ ਜਾਵੇਗਾ।
- ਪਹਿਲੀ ਜਾਂ ਦੂਜੀ ਕਾਊਂਸਲਿੰਗ ਦੌਰਾਨ ਕਿਸੇ ਜਰੂਰੀ ਕਾਰਨ ਕਰਕੇ ਗੈਰਹਾਜਰ ਰਹਿ ਗਏ ਉਮੀਦਵਾਰ ਅਤੇ ਜਿਹਨਾਂ ਉਮੀਦਵਾਰਾਂ ਨੂੰ ਪਹਿਲੀ ਜਾਂ ਦੂਜੀ ਕਾਊਂਸਲਿੰਗ ਦੌਰਾਨ ਸੀਟ ਅਲਾਟ ਹੋ ਗਈ ਸੀ ਅਤੇ ਉਨ੍ਹਾਂ ਵੱਲੋਂ ਕਿਸੇ ਕਾਰਨ ਕਰ ਕੇ ਜੁਆਇਨ ਨਹੀਂ ਕੀਤਾ ਗਿਆ ਸੀ, ਉਹ ਇਸ ਅੰਤਿਮ ਕਾਊਂਸਲਿੰਗ ਵਿੱਚ ਭਾਗ ਲੈ ਸਕਣਗੇ।
- ਸੀਟ ਅਲਾਟ ਹੋਣ ਤੇ ਉਮੀਦਵਾਰ ਆਪਣੀ ਸੀਟ ਪੱਕੀ ਕਰਨ ਲਈ (ਐਸ.ਸੀ. ਉਮੀਦਵਾਰ ਜੋ ਵਜ਼ੀਫੇ ਦੇ ਯੋਗ ਹਨ, ਨੂੰ ਛੱਡ ਕੇ) 5000/-ਰੁ: ਟੋਕਨ ਮਨੀ ਜਮ੍ਹਾਂ ਕਰਵਾਏਗਾ। ਜੇਕਰ ਉਸ ਵਲੋਂ ਪਹਿਲੀ ਚੋਣ ਪ੍ਰਕਿਰਿਆ ਦੌਰਾਨ ਇਹ ਫੀਸ ਜਮ੍ਹਾਂ ਕਰਵਾਈ ਗਈ ਸੀ ਤਾਂ ਉਸ ਨੂੰ ਦੁਬਾਰਾ ਇਹ ਫੀਸ ਭਰਨ ਦੀ ਜ਼ਰੂਰਤ ਨਹੀਂ ਹੈ।

ਉਹ ਆਪਣੀ ਪਹਿਲਾਂ ਦਿੱਤੀ ਫੀਸ ਦੀ ਅਸਲ ਰਸੀਦ ਦੀ ਕਾਪੀ ਵਿਖਾ ਕੇ ਨਵੇਂ ਦਾਖਲੇ ਸਮੇਂ ਸਬੰਧਤ ਸੰਸਥਾ ਵਿਚ ਅਡਜਸਟ ਕਰਵਾਏਗਾ।

- ਜੇਕਰ ਕਿਸੇ ਉਮੀਦਵਾਰ ਨੂੰ ਪਹਿਲੀ ਅਤੇ ਦੂਜੀ ਕਾਊਂਸਲਿੰਗ ਵਿੱਚ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜ ਅਲਾਟ ਹੋਇਆ ਅਤੇ ਬਾਅਦ ਵਿੱਚ ਉਸਨੂੰ ਡਾਇਟ ਅਲਾਟ ਹੁੰਦੀ ਹੈ ਤਾਂ ਉਸ ਕੇਸ ਵਿੱਚ ਉਸ ਦੁਆਰਾ ਅਦਾ ਕੀਤੀ ਫੀਸ ਵੱਧ ਹੋਣ ਕਾਰਨ ਸਬੰਧਤ ਕਾਲਜ ਵਾਧੂ ਫੀਸ ਉਸ ਉਮੀਦਵਾਰ ਦੇ ਦਿੱਤੇ ਖਾਤੇ ਵਿੱਚ ਜਾਂ ਉਸਨੂੰ ਚੈੱਕ ਰਾਹੀਂ ਫੀਸ ਤੁਰੰਤ ਮੌਕੇ ਤੇ ਹੀ ਰੀਫੰਡ ਕਰੇਗਾ। ਫੀਸ ਰੀਫੰਡ ਕਰਨ ਵਿੱਚ ਸਬੰਧਤ ਸੰਸਥਾ ਵਲੋਂ ਬਿਲਕੁਲ ਵੀ ਦੇਰੀ ਨਾ ਕੀਤੀ ਜਾਵੇ।
- ਇੱਕ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜ ਤੋਂ ਦੂਸਰੇ ਪ੍ਰਾਈਵੇਟ ਸੈਲਫ ਫਾਈਨਾਸਡ ਕਾਲਜ ਜਾਂ ਇੱਕ ਡਾਇਟ ਤੋਂ ਦੂਸਰੀ ਡਾਇਟ ਵਿੱਚ ਸੀਟ ਅਲਾਟ ਹੋਣ ਤੇ ਉਮੀਦਵਾਰ ਦੁਆਰਾ ਦਿੱਤੀ ਫੀਸ ਦੀ ਅਸਲ ਰਸੀਦ ਵਿਖਾਉਣ ਤੇ ਫੀਸ ਇੱਕ ਸੰਸਥਾ ਤੋਂ ਦੂਸਰੀ ਸੰਸਥਾ ਵਿੱਚ ਟ੍ਰਾਂਸਫਰ ਕਰ ਦਿੱਤੀ ਜਾਵੇਗੀ। ਕਿਸੇ ਹਾਲਤ ਵਿੱਚ ਉਮੀਦਵਾਰ ਦੁਆਰਾ ਪਹਿਲਾਂ ਅਦਾ ਕੀਤੀ ਫੀਸ ਦੀ ਦੁਬਾਰਾ ਮੰਗ ਸਬੰਧਤ ਸੰਸਥਾ ਵਲੋਂ, ਜਿੱਥੇ ਉਸਨੂੰ ਬਾਅਦ ਵਿੱਚ ਸੀਟ ਅਲਾਟ ਹੋਈ ਹੈ, ਨਾ ਕੀਤੀ ਜਾਵੇ।
- ਇੱਕ ਡਾਇਟ ਤੋਂ ਸੈਲਫ ਫਾਈਨਾਸਡ ਕਾਲਜ ਵਿੱਚ ਸੀਟ ਅਲਾਟ ਹੋਣ ਤੇ ਉਮੀਦਵਾਰ ਦੁਆਰਾ ਡਾਇਟ ਵਿੱਚ ਅਦਾ ਕੀਤੀ ਫੀਸ ਅਡਜਸਟ ਕੀਤੀ ਜਾਵੇਗੀ ਅਤੇ ਬਾਕੀ ਰਹਿੰਦੀ ਫੀਸ ਉਸ ਉਮੀਦਵਾਰ ਵੱਲੋਂ ਸੈਲਫ ਫਾਈਨਾਂਸਡ ਕਾਲਜ ਨੂੰ ਹੀ ਅਦਾ ਕੀਤੀ ਜਾਵੇਗੀ।
- ਉਕਤ ਪ੍ਰਕਿਰਿਆ ਦੌਰਾਨ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਵੀ ਸੰਸਥਾ ਵਲੋਂ ਫੀਸ ਦੀ ਐਡਜਸਟਮੈਂਟ ਲਈ ਤੰਗ/ਪ੍ਰੇਸ਼ਾਨ ਕੀਤਾ ਜਾਂਦਾ ਹੈ ਤਾਂ ਉਮੀਦਵਾਰ ਮੁੱਖ ਦਫ਼ਤਰ ਨੂੰ ਲਿਖਤੀ ਰੂਪ ਵਿੱਚ ਸ਼ਿਕਾਇਤ ਕਰ ਸਕਦਾ ਹੈ।

**ਫੀਸ ਦਾ ਵੇਰਵਾ:-**

| ਲੜੀ ਨੰ: | ਸੰਸਥਾ | ਫੀਸ ਦੀ ਰਕਮ | ਪੀਰੀਅਡ |
|---|---|---|---|
| 1 | ਡਾਇਟਸ | 8500/- ਰੁ: | ਸਾਲਾਨਾ |
| 2 | ਸੈਲਫ ਫਾਈਨਾਂਸ ਕਾਲਜਿਜ਼ (60% ਕੋਟਾ ਸਰਕਾਰੀ ਫੀਸ) | 40,000/-ਰੁ: | ਸਾਲਾਨਾ |
| 3 | ਸੈਲਫ ਫਾਈਨਾਂਸ ਕਾਲਜਿਜ਼ (40% ਮੈਨੇਜਮੈਂਟ ਕੋਟਾ) | 44,000/- ਰੁ: | ਸਾਲਾਨਾ |

**ਨੋਟ: 1000/- ਰੁਪਏ ਸਕਿਊਰਟੀ ਦੀ ਰਕਮ ਫੀਸ ਤੋਂ ਅਲੱਗ ਹੋਵੇਗੀ।**

- ਆਫਰ ਲੈਟਰ ਮਿਲਣ ਉਪਰੰਤ ਹਰ ਇੱਕ ਉਮੀਦਵਾਰ ਦੋ ਦਿਨਾਂ ਦੇ ਅੰਦਰ-ਅੰਦਰ ਆਪਣਾ ਦਾਖਲਾ ਸਬੰਧਤ ਡਾਇਟ / ਕਾਲਜ ਵਿੱਚ ਕਨਫਰਮ ਕਰਵਾਏਗਾ। ਦਾਖਲਾ ਕਨਫਰਮ ਹੋਣ ਉਪਰੰਤ ਆਪਣੇ ਵੇਰਵੇ 10ਵੀਂ /

12ਵੀਂ ਅਨੁਸਾਰ ਲਿਖਵਾਏਗਾ। ਆਪਣਾ ਨਾਂ, ਪਿਤਾ ਦਾ ਨਾਮ, ਮਾਤਾ ਦਾ ਨਾਮ (ਪੰਜਾਬੀ ਤੇ ਅੰਗਰੇਜ਼ੀ ਵਿੱਚ) ਧਿਆਨ ਨਾਲ ਲਿਖਵਾਏ ਜਾਣ। ਸਪੈਲਿੰਗਸ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ ਤਾਂ ਜੋ ਰਜਿਸਟ੍ਰੇਸ਼ਨ ਕਰਨ ਸਮੇਂ ਮੁੱਖ ਦਫ਼ਤਰ ਨੂੰ ਕੋਈ ਔਕੜ ਨਾ ਆਵੇ। ਸਬੰਧਤ ਡਾਇਟ / ਸੈਲਫ ਫਾਇਨਾਂਸਡ ਕਾਲਜ ਉਮੀਦਵਾਰਾਂ ਦੇ ਪੂਰਨ ਵੇਰਵੇ ਮਿਲੇ Password ਅਤੇ User name ਰਾਹੀਂ website ਤੇ ਆਨਲਾਈਨ Update ਕਰਨਗੇ।

- ਰਜਿਸਟ੍ਰੇਸ਼ਨ ਕਰਨ ਉਪਰੰਤ ਮੁੱਖ ਦਫਤਰ ਦੁਆਰਾ ਸਾਰੇ ਵਿੱਦਿਆਰਥੀਆਂ ਦਾ ਡਾਟਾ ਸਬੰਧਤ ਡਾਇਟ / ਸੈਲਫ ਫਾਇਨਾਂਸਡ ਕਾਲਜ ਨੂੰ ਈ.ਮੇਲ. ਰਾਹੀਂ ਭੇਜਿਆ ਜਾਵੇਗਾ। ਜੇਕਰ ਵੇਰਵਿਆਂ ਵਿੱਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਸਬੰਧਤ ਡਾਇਟ / ਸੈਲਫ ਫਾਇਨਾਂਸਡ ਕਾਲਜ ਵਲੋਂ ਸਮੇਤ ਸਬੂਤ ਇਹ ਗਲਤੀ ਤਿੰਨ ਦਿਨਾਂ ਦੇ ਅੰਦਰ-ਅੰਦਰ ਮੁੱਖ ਦਫਤਰ ਵਿੱਚ ਨਿੱਜੀ ਤੌਰ ਤੇ ਆ ਕੇ ਠੀਕ ਕਰਵਾਈ ਜਾਵੇਗੀ। ਕੋਈ ਵੀ ਤਰੁੱਟੀ ਨਾ ਹੋਣ ਦੀ ਸੂਰਤ ਵਿੱਚ ਵੀ ਸਬੰਧਤ ਡਾਇਟ / ਸੈਲਫ ਫਾਇਨਾਂਸਡ ਕਾਲਜ ਇਸ ਸਬੰਧੀ ਮੁੱਖ ਦਫਤਰ ਨੂੰ ਰਿਪੋਰਟ ਦੇਣਗੇ। ਜੇਕਰ ਇਹ ਸਾਰੀ ਪ੍ਰਕਿਰਿਆ ਕਰਨ ਉਪਰੰਤ ਵੀ ਕੋਈ ਗਲਤੀ ਮੁੜ ਪਾਈ ਜਾਂਦੀ ਹੈ ਤਾਂ ਗਲਤੀ ਦੀ ਨਿਰੋਲ ਜ਼ਿੰਮੇਵਾਰੀ ਡਾਇਟ ਪ੍ਰਿੰਸੀਪਲ ਦੀ ਫਿਕਸ ਕੀਤੀ ਜਾਵੇਗੀ। ਹਰ ਡਾਇਟ ਨਾਲ ਅਟੈਚਡ ਕਾਲਜ ਦੇ ਵੇਰਵਿਆਂ ਦੀ ਜਿੰਮੇਵਾਰੀ ਵੀ ਡਾਇਟ ਪ੍ਰਿੰਸੀਪਲ ਦੀ ਹੋਵੇਗੀ।
- ਰਿਜ਼ਰਵ ਕੈਟਾਗਰੀ ਦੇ ਉਮੀਦਵਾਰ ਦਾਖਲਾ ਕਨਫਰਮ ਹੋਣ ਉਪਰੰਤ ਆਪਣਾ ਨਿੱਜੀ ਬੈਂਕ ਖਾਤਾ ਖੁਲਵਾਉਣਗੇ ਅਤੇ ਬੈਂਕ ਖਾਤੇ ਦੀ ਫੋਟੋ ਕਾਪੀ (ਜਿਸ ਤੇ ਬੈਂਕ ਦਾ ਆਈ.ਐਫ.ਐਸ.ਸੀ. ਕੋਡ ਅਤੇ ਉਮੀਦਵਾਰ ਦੀ ਫੋਟੋ ਲੱਗੀ ਹੋਵੇ) ਜਲਦੀ ਤੋਂ ਜਲਦੀ ਆਪਣੀ ਸੰਸਥਾ / ਸੈਲਫ ਫਾਇਨਾਂਸਡ ਕਾਲਜ ਵਿੱਚ ਜਮ੍ਹਾਂ ਕਰਵਾਉਣਗੇ ਤਾਂ ਜੋ ਉਮੀਦਵਾਰਾਂ ਨੂੰ ਵਜ਼ੀਫੇ ਸਬੰਧੀ ਕੋਈ ਔਕੜ ਨਾ ਆਵੇ। ਇਸ ਤੋਂ ਇਲਾਵਾ ਜਾਤੀ ਸਰਟੀਫਿਕੇਟ, ਆਮਦਨ ਦਾ ਸਰਟੀਫਿਕੇਟ ਅਤੇ ਅਧਾਰ ਕਾਰਡ ਵੀ ਦੇਣਾ ਲਾਜ਼ਮੀ ਹੈ।
- ਬੈਂਕ ਖਾਤਾ ਖੁਲਵਾਉਣ, ਜਾਤੀ ਸਰਟੀਫਿਕੇਟ, ਆਮਦਨ ਦਾ ਸਰਟੀਫਿਕੇਟ ਅਤੇ ਅਧਾਰ ਕਾਰਡ ਬਣਵਾਉਣ ਸਮੇਂ ਉਮੀਦਵਾਰ ਵਲੋਂ ਆਪਣੇ ਵੇਰਵਿਆਂ ਦਾ ਖਾਸ ਧਿਆਨ ਰੱਖਿਆ ਜਾਵੇ ਕਿਸੇ ਵੀ ਤਰੁੱਟੀ ਦਾ ਜ਼ਿੰਮੇਵਾਰ ਉਮੀਦਵਾਰ ਖੁਦ ਹੋਵੇਗਾ।
- NCTE ਦੇ ਨਿਯਮਾਂ ਅਨੁਸਾਰ ਡੀ.ਐਲ.ਐਡ .ਪ੍ਰੋਗਰਾਮ ਦੋ ਅਕਾਦਮਿਕ ਸਾਲਾਂ ਦੀ ਮਿਆਦ ਦਾ ਹੋਵੇਗਾ। ਵਿਦਿਆਰਥੀਆਂ ਨੂੰ ਪ੍ਰੋਗਰਾਮ ਵਿੱਚ ਦਾਖਲੇ ਦੀ ਮਿਤੀ ਤੋਂ ਵੱਧ ਤੋਂ ਵੱਧ ਤਿੰਨ ਸਾਲਾਂ ਦੇ ਅੰਦਰ-ਅੰਦਰ ਪ੍ਰੋਗਰਾਮ ਨੂੰ ਪੂਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪ੍ਰੀਖਿਆ ਅਤੇ ਦਾਖਲੇ ਦੇ ਦਿਨਾਂ ਨੂੰ ਛੱਡ ਕੇ ਸਿੱਖਿਆਰਥੀ ਲਈ ਹਰ ਸਾਲ ਘੱਟੋ-ਘੱਟ 200 ਕੰਮਕਾਜੀ ਦਿਨ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿੱਚ ਪਹਿਲੇ ਸਾਲ ਚਾਰ ਹਫਤੇ ਕਲਾਸਰੂਮ ਟੀਚਿੰਗ ਪ੍ਰੈਕਟਿਸ ਅਤੇ ਦੂਜੇ ਸਾਲ 16 ਹਫਤਿਆਂ ਦੀ ਟੀਚਿੰਗ ਪ੍ਰੈਕਟਿਸ ਹੋਵੇਗੀ। ਸਿੱਖਿਆਰਥੀਆਂ ਦੀ ਕਲਾਸਰੂਮ ਟੀਚਿੰਗ ਲਈ ਹਰ ਸਾਲ 80% ਅਤੇ ਸਕੂਲ ਇੰਟਰਨਸ਼ਿਪ ਲਈ ਘੱਟੋ ਘੱਟ 90% ਹਾਜਰੀ ਲਾਜਮੀ ਹੈ। ਇਸ ਤੋਂ ਬਿਨਾਂ ਸਿੱਖਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।
- ਪ੍ਰੀਖਿਆ ਸਾਲਾਨਾ ਹੋਵੇਗੀ।

**ਡਾਇਟਾਂ / ਸੈਲਫ ਫਾਈਨਾਂਸਡ ਕਾਲਜਾਂ ਲਈ ਕਾਊਂਸਲਿੰਗ ਸਬੰਧੀ।**

- ਇਹ ਯਕੀਨੀ ਬਣਾਇਆ ਜਾਵੇ ਕਿ ਉਮੀਦਵਾਰ **ਦਸਵੀਂ** ਵਿੱਚ **ਪੰਜਾਬੀ** ਸਮੇਤ **ਸਾਰੇ ਵਿਸ਼ਿਆਂ (ਅੰਗਰੇਜੀ, ਹਿੰਦੀ, ਹਿਸਾਬ, ਸਾਇੰਸ, ਸਮਾਜਿਕ ਸਿੱਖਿਆ)** ਵਿੱਚ **ਪਾਸ** ਹੋਣਾ ਚਾਹੀਦਾ ਹੈ।

- ਉਮੀਦਵਾਰ ਦਾਖਲੇ ਸਬੰਧੀ ਨੋਟੀਫਿਕੇਸ਼ਨ ਅਨੁਸਾਰ ਸਾਰੀਆਂ ਯੋਗਤਾਵਾਂ ਤੇ ਸ਼ਰਤਾਂ ਪੂਰੀਆਂ ਕਰਦਾ ਹੋਵੇ।
- ਉਮੀਦਵਾਰ ਦੇ ਦਾਖਲੇ ਤੋਂ ਪਹਿਲਾਂ ਸਾਰੇ ਅਸਲ ਦਸਤਾਵੇਜ਼ ਚੈੱਕ ਕਰ ਲਏ ਜਾਣ। ਦਾਖਲਾ ਕਰਨ ਸਮੇਂ ਉਮੀਦਵਾਰ ਦੇ ਦਸਵੀਂ, ਬਾਰ੍ਹਵੀਂ, ਗਰੈਜੂਏਸ਼ਨ, ਰਿਜ਼ਰਵ ਕੈਟਾਗਰੀ ਦੇ ਸਰਟੀਫਿਕੇਟ ਆਦਿ ਵੇਰਵਿਆਂ (ਅੰਕਾਂ) ਦਾ ਮਿਲਾਣ ਕਰਕੇ ਉਮੀਦਵਾਰ ਤੋਂ ਵੀ ਚੈੱਕ ਕਰਵਾ ਕੇ ਫਿਰ ਦਾਖਲਾ ਕੀਤਾ ਜਾਵੇ ਅਤੇ ਵੇਰਵੇ ਭਰਨ ਸਮੇਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਸਪੈਲਿੰਗਸ ਦਾ ਧਿਆਨ ਰੱਖਿਆ ਜਾਵੇ। ਰਿਜ਼ਰਵ ਕੈਟਾਗਰੀ ਦੇ ਉਮੀਦਵਾਰਾਂ ਦੇ ਜਾਤੀ ਸਰਟੀਫਿਕੇਟ ਲੈਣ ਸਮੇਂ ਉਸ ਵਿੱਚ ਵੀ ਵੇਰਵੇ ਚੈੱਕ ਕਰ ਲਏ ਜਾਣ ਤਾਂ ਜੋ ਬਾਅਦ ਵਿੱਚ ਕੋਈ ਔਕੜ ਪੇਸ਼ ਨਾ ਆਵੇ।
- ਫੀਸ ਉਕਤ ਦੱਸੇ ਅਨੁਸਾਰ ਹੀ ਲਈ ਜਾਵੇ।ਜੇਕਰ ਕੋਈ ਕਾਲਜ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਕਾਲਜ ਤੇ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ। ਕਿਸੇ ਕਿਸਮ ਦੀ ਵੀ ਸ਼ਿਕਾਇਤ ਉਪਰੰਤ ਮੁੱਖ ਦਫਤਰ ਇਸ ਸਬੰਧੀ ਕਮੇਟੀ ਅਤੇ ਸੰਸਥਾ ਮੁਖੀ ਤੇ ਕਾਰਵਾਈ ਕਰ ਸਕਦਾ ਹੈ।
- ਜੇਕਰ ਕਾਊਂਸਲਿੰਗ ਸਬੰਧੀ ਉਮੀਦਵਾਰ ਜਾਂ ਉਸਦੇ ਮਾਪਿਆਂ/ਗਾਰਡੀਅਨਜ਼ ਨੂੰ ਕਿਸੇ ਗੱਲ ਦੀ ਸਮਝ ਨਹੀਂ ਹੈ ਤਾਂ ਇਸ ਸਬੰਧੀ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਉਹਨਾਂ ਦੀ ਸੰਤੁਸ਼ਟੀ ਕਰਵਾ ਕੇ ਭੇਜੇ। ਇਸ ਸਬੰਧੀ ਕਿਸੇ ਪ੍ਰਕਾਰ ਦਾ ਮੱਤਭੇਦ ਨਾ ਕੀਤਾ ਜਾਵੇ।ਦਾਖਲਾ ਅਮਨ-ਅਮਾਨ ਅਤੇ ਸ਼ਾਂਤੀ ਨਾਲ ਕੀਤਾ ਜਾਵੇ।
- ਜੇਕਰ ਸੰਭਵ ਹੋਵੇ ਤਾਂ ਕਾਊਂਸਲਿੰਗ ਸੰਸਥਾ / ਕਾਲਜ ਦੇ ਅੰਦਰ ਮੇਨ ਗੇਟ ਦੇ ਨਜਦੀਕ ਕੀਤੀ ਜਾਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰਾਂ ਦੀ ਸਹੂਲੀਅਤ ਲਈ ਕਾਊਂਸਲਿੰਗ ਸਬੰਧੀ ਸਾਈਨ ਬੋਰਡ ਲਾਇਆ ਜਾਵੇ ਤਾਂ ਜੋ ਉਮੀਦਵਾਰ ਅਤੇ ਮਾਪਿਆਂ ਨੂੰ ਕਾਊਂਸਲਿੰਗ ਸੈਂਟਰ ਲੱਭਣ ਵਿੱਚ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।
- ਕਾਊਂਸਲਿੰਗ ਸ਼ਡਿਊਲ ਐਸ.ਸੀ.ਈ.ਆਰ.ਟੀ.ਪੰਜਾਬ ਵਲੋਂ ਦਿੱਤਾ ਜਾਵੇਗਾ।
- ਸਰਕਾਰੀ ਸੰਸਥਾਵਾਂ ਦੀਆਂ ਸੀਟਾਂ ਸਾਂਝੀ ਮੈਰਿਟ ਅਤੇ ਨਿਯਮਾਂ ਅਨੁਸਾਰ ਭਰੀਆਂ ਜਾਣਗੀਆਂ।
- ਕਾਊਂਸਲਿੰਗ ਪ੍ਰਕਿਰਿਆ ਉਪਰਕੋਤ ਲਿਸਟ ਵਿੱਚ ਦਿੱਤੇ ਕੇਂਦਰਾਂ ਵਿੱਚ ਸਬੰਧਤ ਪ੍ਰਿੰਸੀਪਲ ਡਾਇਟ/ ਕਮੇਟੀ ਮੁੱਖੀ ਦੀ ਅਗਵਾਈ ਵਿੱਚ ਪਾਰਦਰਸ਼ੀ ਤਰੀਕੇ ਨਾਲ ਕਰਵਾਈ ਜਾਵੇਗੀ। ਇਸ ਸਬੰਧੀ ਤਕਨੀਕੀ ਸਹਾਇਤਾ ਸਬੰਧਤ ਜ਼ਿਲ੍ਹੇ ਦੇ ਐਮ.ਆਈ.ਐਸ. ਕੋਆਰਡੀਨੇਟਰ ਵਲੋਂ ਉਪਲਬਧ ਕਰਵਾਈ ਜਾਵੇਗੀ।
- ਵਿਭਾਗ ਵੱਲੋਂ ਹਰ ਸੰਸਥਾ/ ਸੈਲਫ ਫਾਇਨਾਂਸਡ ਕਾਲਜ ਨੂੰ ਕਾਊਂਸਲਿੰਗ ਲਈ ਬਣਾਏ ਗਏ ਪੋਰਟਲ **http://scert.epunjabschool.gov.in/ ਦਾ ਆਈ.ਡੀ. ਅਤੇ ਪਾਸਵਰਡ ਦਿੱਤਾ ਗਿਆ ਹੈ। ਇਸ ਪੋਰਟਲ ਤੇ** ਕਾਊਂਸਲਿੰਗ ਦੌਰਾਨ ਚੁਣੇ ਗਏ ਉਮੀਦਵਾਰਾਂ ਦੇ ਸੰਸਥਾ/ ਸੈਲਫ ਫਾਇਨਾਂਸਡ ਕਾਲਜ ਵਿੱਚ ਹਾਜਰ ਹੋਣ ਉਪਰੰਤ ਸੰਸਥਾ/ਸੈਲਫ ਫਾਇਨਾਂਸਡ ਕਾਲਜ ਵੱਲੋਂ ਪੋਰਟਲ ਤੇ ਉਨ੍ਹਾਂ ਦੀ ਸੂਚੀ ਦੇ ਸਾਹਮਣੇ ਦਰਸਾਏ ਖਾਨੇ ਵਿੱਚ 'Yes' ਕੀਤਾ ਜਾਵੇ ਅਤੇ ਹਾਜਰ ਨਾ ਹੋਣ ਵਾਲੇ ਵਿਦਿਆਰਥੀਆਂ ਸਬੰਧੀ ਖਾਨੇ ਵਿੱਚ "No" ਕੀਤਾ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

- ਕਾਊਂਸਲਿੰਗ ਸਬੰਧੀ ਗਠਿਤ ਕਮੇਟੀ ਮੈਂਬਰਾਂ ਵੱਲੋਂ ਇਹ ਧਿਆਨ ਰੱਖਿਆ ਜਾਵੇ ਕਿ ਵਿਭਾਗ ਵੱਲੋਂ ਗਰੈਜੂਏਸ਼ਨ ਸਮੇਤ ਨੋਟੀਫਿਕੇਸ਼ਨ ਵਿੱਚ ਦਰਜ ਨਿਰਧਾਰਤ ਕੀਤੇ ਗਏ ਮਾਪਦੰਡਾਂ/ ਅੰਕਾਂ ਅਨੁਸਾਰ ਉਮੀਦਵਾਰਾਂ ਦੇ ਸਰਟੀਫਿਕੇਟ ਧਿਆਨ ਨਾਲ ਚੈੱਕ ਕਰ ਲਏ ਜਾਣ। ਕਿਸੇ ਵੀ ਅਯੋਗ ਉਮੀਦਵਾਰ ਨੂੰ ਕਾਊਂਸਲਿੰਗ ਵਿੱਚ ਭਾਗ ਲੈਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਜੇਕਰ ਕੋਈ ਅਯੋਗ ਉਮੀਦਵਾਰ ਨੂੰ ਸੀਟ ਅਲਾਟ ਹੁੰਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਡਾਇਟ (ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ)/ ਕਮੇਟੀ ਮੁੱਖੀ ਦੀ ਹੋਵੇਗੀ।
- ਕਾਉਂਸਲਿੰਗ ਸੈਂਟਰ ਨਾਲ ਸਬੰਧਤ ਡਾਇਟ ਪ੍ਰਿੰਸੀਪਲ/ਕਮੇਟੀ ਮੁੱਖੀ ਸਬੰਧਤ ਡਾਇਟ / ਡਾਇਟਾਂ ਅਤੇ ਆਪਣੇ ਅਧੀਨ ਆਉਂਦੇ ਪ੍ਰਾਈਵੇਟ ਕਾਲਜਾਂ ਦੀ ਕਾਊਂਸਲਿੰਗ ਨਾਲ ਸਬੰਧਤ ਆਨ-ਲਾਈਨ ਅਪਡੇਸ਼ਨ ਮਿਤੀ 04.06.2024 ਸਵੇਰੇ 10.00 ਵਜੇ ਤੱਕ ਮੁਕੰਮਲ ਕਰਨੀ ਯਕੀਨੀ ਬਣਾਏਗਾ ਅਤੇ ਮਿਤੀ 05.06.2024 ਨੂੰ ਸ਼ਾਮ 04.00 ਵਜੇ ਤੱਕ ਇਸ ਸਬੰਧੀ ਸਰਟੀਫਿਕੇਟ ਦੀ ਸਕੈਨਡ ਕਾਪੀ ਈ.ਮੇਲ scertaffiliation@punjabeducation.gov.in ਤੇ ਭੇਜਣਗੇ।
- ਦਾਖਲੇ ਸਬੰਧੀ ਕਿਸੇ ਵੀ ਕਿਸਮ ਦੀ ਹੋਰ ਜਾਣਕਾਰੀ ਲਈ ਮੁੱਖ ਦਫਤਰ ਵੱਲੋਂ ਲਗਾਏ ਗਏ ਕਾਊਂਸਲਿੰਗ ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਜਿਸ ਦੀ ਲਿਸਟ ਨਾਲ ਨੱਥੀ ਹੈ।**(Annexure-A)**
- ਡਾਇਟਸ ਅਤੇ ਸੈਲਫ ਫਾਇਨਾਂਸਡ ਕਾਲਜਾਂ ਦੀ ਲਿਸਟ ਨੱਥੀ ਹੈ।**(Annexure-B)**

ਵਧੇਰੇ ਜਾਣਕਾਰੀ ਲਈ ਕਾਊਂਸਲਿੰਗ ਸਬੰਧੀ ਸ਼ਡਿਊਲ ਵੈਬਸਾਈਟ www.ssapunjab.org ਤੇ ਉਪਲੱਬਧ ਕਰਵਾ ਦਿੱਤਾ ਗਿਆ ਹੈ।

ਨੱਥੀ: ਕਾਊਂਸਲਿੰਗ ਸ਼ਡਿਊਲ ਅਤੇ ਸਰਟੀਫਿਕੇਟ ਦਾ ਪ੍ਰੋਫਾਰਮਾ

ਸੁਪਰਡੰਟ (ਐਫੀਲਿਏਸ਼ਨ)

Annexure-A

## ਡੀ.ਐੱਲ.ਐੱਡ. ਕੋਰਸ ਸੈਸ਼ਨ 2023-25 ਦੇ ਦਾਖਲੇ ਲਈ ਕਾਊਂਸਲਿੰਗ ਸਥਾਨ ਅਤੇ ਸੰਪਰਕ ਨੰਬਰ

| ਲੜੀਨੰ: | ਹੇਠ ਲਿਖੇ ਜਿਲ੍ਹੇ ਦੇ ਵਿਦਿਆਰਥੀ | ਜਿਸ ਡਾਇਟ/ਸਥਾਨ ਤੇ ਕਾਊਂਸਲਿੰਗ ਲਈ ਜਾਣਾ ਹੈ | ਡਾਇਟ ਦੇ ਪ੍ਰਿੰਸੀਪਲ ਅਤੇ ਸੈਕਿੰਡ ਇੰਚਾਰਜ ਦਾ ਨਾਂ (ਸਰਵ ਸ਼੍ਰੀ/ਸ੍ਰੀਮਤੀ) ਮੋਬਾਇਲ ਨੰ: ਅਤੇ ਲੈਂਡਲਾਈਨ ਨੰ: | | | ਮੁੱਖ ਦਫਤਰ ਵਿਖੇ ਕਾਊਂਸਲਿਗ ਕੋਆਰਡੀਨੇਟਰ ਦਾ ਨਾਅ ਤੇ ਮੋਬਾਈਲਨੰਬਰ |
|---|---|---|---|---|---|---|
| 1 | ਅੰਮ੍ਰਿਤਸਰ | ਡਾਇਟ ਵੇਰਕਾ | ਸ. ਸੁਖਦੇਵ ਸਿੰਘ, ਪ੍ਰਿੰਸੀਪਲ | 9877078705 | 0183-2263034 | ਦਫ. ਡਾਇਰੈਕਟਰ ਐਸ.ਸੀ.ਈ.ਆਰ.ਟੀ.ਫੋਨ ਨੰ: -01722212221<br><br>ਬਲਵਿੰਦਰ ਸਿੰਘ ਸਹਾਇਕ ਡਾਇਰੈਕਟਰ (ਐਫੀਲਿਏਸ਼ਨ)<br><br>ਸ੍ਰੀ ਨਰਿੰਦਰ ਸਿੰਘ, ਸੁਪਰਡੰਟ , ਮੋਬਾਈਲਨੰ: 9417566813<br><br>ਸ੍ਰੀ ਸ਼ਵਿੰਦਰਪ੍ਰੀਤ ਸਿੰਘ, ਸੀਨੀਅਰ ਸਹਾਇਕ , ਮੋਬਾਈਲਨੰ: 9877165689<br><br>ਸੋਨੀਆ ਸੂਦ, ਕੋਆਰਡੀਨੇਟਰ ਮੋਬਾਈਲਨੰ: 9592100595 |
| 2 | ਤਰਨਤਾਰਨ | | | | | |
| 3 | ਬਠਿੰਡਾ | ਡਾਇਟ ਦਿਓਣ | ਸਤਵਿੰਦਰਪਾਲ ਕੌਰ,ਸਿੱਧੂ ਪ੍ਰਿੰਸੀਪਲ | 9417561203 | 0164-2447226 | |
| 4 | ਫਹਿਤਗੜ੍ਹਸਾਹਿਬ | ਡਾਇਟ ਫਤਿਹਗੜ੍ਹ ਸਾਹਿਬ | ਡਾ. ਆਨੰਦ ਗੁਪਤਾ, ਪ੍ਰਿੰਸੀਪਲ | 9356511518 | 01763-233778 | |
| 5 | ਫਿਰੋਜਪੁਰ | ਡਾਇਟ ਫਿਰੋਜਪੁਰ | ਸੀਮਾ, ਪ੍ਰਿੰਸੀਪਲ | 8360958802 | 01632-222084 | |
| 6 | ਫਾਜਿਲਕਾ | | | | | |
| 7 | ਫਰੀਦਕੋਟ | ਡਾਇਟ ਫਰੀਦਕੋਟ | ਕਿਰਨਦੀਪ ਕੌਰ, ਪ੍ਰਿੰਸੀਪਲ | 6350280880 | 01639-250126 | |
| 8 | ਗੁਰਦਾਸਪੁਰ | ਡਾਇਟ ਗੁਰਦਾਸਪੁਰ | ਚਰਨਬੀਰ ਸਿੰਘ, ਪ੍ਰਿੰਸੀਪਲ | 9855200551 | 01874-243154 | |
| 9 | ਪਠਾਨਕੋਟ | | | | | |
| 10 | ਹੁਸਿਆਰਪੁਰ | ਡਾਇਟ ਅੱਜੋਵਾਲ | DEO (Elementary) | 9815901196 | 01882-238293 | |
| 11 | ਜਲੰਧਰ | ਡਾਇਟ ਰਾਮਪੁਰ ਲੱਲ੍ਹੀਆਂ, ਜਲੰਧਰ | ਮਮਤਾ ਬਜਾਜ, ਪ੍ਰਿੰਸੀਪਲ | 9915451000 | 0181-2791301 01812456110 | |
| 12 | ਕਪੂਰਥਲਾ | ਡਾਇਟ ਸ਼ੇਖੂਪੁਰਾ | ਮਮਤਾ ਬਜਾਜ, ਪ੍ਰਿੰਸੀਪਲ | 9915451000 | 01822-231072 | |

| | | | | | | |
|---|---|---|---|---|---|---|
| **13** | ਲੁਧਿਆਣਾ | ਡਾਇਟ ਜਗਰਾਓਂ | ਰਾਜਵਿੰਦਰ ਕੌਰ ਕੰਵਰ, ਪ੍ਰਿੰਸੀਪਲ | 9463020936 | 01624-223854 | |
| 14 | ਮਾਨਸਾ | ਡਾਇਟ ਬੁਢਲਾਡਾ ਐਟ ਅਹਿਮਦਪੁਰ | ਬੂਟਾ ਸਿੰਘ, ਪ੍ਰਿੰਸੀਪਲ | 9417760000 | 01652-205350 | |
| **15** | ਮੋਗਾ | ਡਾਇਟ ਮੋਗਾ | ਮਮਤਾ ਖੁਰਾਣਾ ਸੇਠੀ, ਪ੍ਰਿੰਸੀਪਲ | 9501230200 | 01636-229001 | |
| 16 | ਮੁਕਤਸਰਸਾਹਿਬ | ਡਾਇਟ ਬਰਕੰਦੀ (ਮੁਕਤਸਰ ਸਾਹਿਬ) | ਸੰਜੀਵ ਕੁਮਾਰ,ਪ੍ਰਿੰਸੀਪਲ | 8146205015 | 01633-261561 | |
| 17 | ਨਵਾਂਸ਼ਹਿਰ | ਡਾਇਟ ਨੌਰਾ | Deo (Elemenary ) | 9501500997 | 01823-273128 | |
| **18** | ਨਾਭਾ | ਡਾਇਟ ਨਾਭਾ | ਸੰਦੀਪ ਨਾਗਰ , ਪ੍ਰਿੰਸੀਪਲ | 9814856100 | 01765-226355 | |
| 19 | ਸੰਗਰੂਰ | ਡਾਇਟ ਸੰਗਰੂਰ | ਵਰਿੰਦਰ ਕੌਰ, ਪ੍ਰਿੰਸੀਪਲ | 8146567201 | 01672-234803 | |
| 20 | ਬਰਨਾਲਾ | | | | | |
| 21 | ਰੋਪੜ | ਡਾਇਟ ਰੋਪੜ | ਮੋਨਿਕਾ ਭੁਟਾਨੀ, ਪ੍ਰਿੰਸੀਪਲ | 9417161282 | 01881-221505 | |
| 22 | ਮੋਹਾਲੀ | | | | | |

**Annexure-B**

| List of Government DIETs | | | | | |
|---|---|---|---|---|---|
| S.No. | Name of DISTRICT | DIET or College | Name of Institution | CollegeType | Total Seats |
| 1 | AMRITSAR | DIET | DIET, Verka (Amritsar) | Co.Ed. | 100 |
| 2 | BATHINDA | DIET | DIET, Deon (Bathinda) | Co.Ed. | 100 |
| 3 | FARIDKOT | DIET | DIET, Faridkot | Co.Ed. | 100 |
| 4 | FATEHGARH SAHIB | DIET | DIET, Fatehgarh Sahib | Co.Ed. | 100 |

| | | | | | |
|---|---|---|---|---|---|
| 5 | FEROZEPUR | DIET | DIET, Ferozepur | Co.Ed. | 100 |
| 6 | GURDASPUR | DIET | DIET, Gurdaspur | Co.Ed. | 100 |
| 7 | HOSHIARPUR | DIET | DIET, Ajjowal (Hoshiarpur) | Co.Ed. | 100 |
| 8 | JALANDHAR | DIET | DIET Rampur Lalliyan | Co.Ed. | 100 |
| 9 | KAPURTHALA | DIET | DIET, Sheikhupura (Kapurthala) | Co.Ed. | 100 |
| 10 | LUDHIANA | DIET | DIET, Jagraon (Ludhinana) | Co.Ed. | 100 |
| 11 | MANSA | DIET | DIET Budladha at Ahemadpur (Mansa) | Co.Ed. | 100 |
| 12 | SRI.MUKATSAR SAHIB | DIET | DIET, Barkandi(Sri. Mukatsar Sahib) | Co.Ed. | 100 |
| 13 | PATIALA | DIET | DIET, Nabha (Patiala) | Co.Ed. | 100 |
| 14 | ROOPNAGAR | DIET | DIET, Ropar | Co.Ed. | 100 |
| 15 | SANGRUR | DIET | DIET, Sangrur | Co.Ed. | 100 |

**List of Private colleges**

| S.no | District | Ins. Name | seats Intake | College Type |
|---|---|---|---|---|
| 1 | Amritsar | Anand College Of Education For Women, Amritsar | 50 | Girls |
| 2 | Amritsar | D.A.V College Of Education For Women, Amritsar | 50 | Girls |
| 3 | Amritsar | Mohan Lal Memorial Institute Of Education,Mudhal,Amritsar | 50 | Co.Ed |
| 4 | Amritsar | Sri Guru Angad Dev College Of Education ,Khadur Sahib(Tarn Taran) | 50 | Co.Ed |
| 5 | Amritsar | Shaheed Bhagat Singh College Of Education, Kairon, Patti (Tarn Taran) | 50 | Co.Ed |
| 6 | Bathinda | Swami Dayanand College Of Education, Lehra Bega, Bathinda | 50 | Co.Ed |
| 7 | Bathinda | Aklia College Of Education For Women Goniana Mandi(Bathinda) | 50 | Girls |
| 8 | Bathinda | New Punjab College Of Elementary Education, Nangla (Bathinda) | 50 | Co.Ed |

| | | | | |
|---|---|---|---|---|
| 9 | Bathinda | Guru Gobind Singh College Of Education,Talwandi Sabo (Bathinda) | 50 | Co.Ed |
| 10 | Bathinda | Saraswati Girls College Of Education, Ram Nagar, Maur Mandi Batinda. | 50 | Girls |
| 11 | Bathinda | Mastermind College Of Education, Gehri Butter, Bathinda | 50 | Co.Ed |
| 12 | Bathinda | Punjab College Of Education, Vill Kot Shameer, Bathinda | 50 | Co.Ed |
| 13 | Bathinda | Shri Guru Teg Bahadur College Of Education, Vill. Balloh (Bathinda) | 50 | Co.Ed |
| 14 | Bathinda | B.M. College Of Education, Balluana, Bathinda | 50 | Co.Ed |
| 15 | Bathinda | Fateh College Of Education For Women, Rampura Phul,Bathinda | 50 | Girls |
| 16 | Faridkot | Baba Banda Bahadur College Of Education(Virewala Road,Nearcanal Bridge,Faridkot) | 50 | Co.Ed |
| 17 | Faridkot | Baba Hans Raj Memorial College Of Education Bajakhana (Faridkot) | 50 | Co.Ed |
| 18 | Faridkot | Akal Sahaye College Of Education ,Kotkapura (Faridkot) | 50 | Co.Ed |
| 19 | Fatehgarh Saahib | Smt. Jawala Devi College Of Education, Village Sanghol, Fatehgarh Sahib | 50 | Co.Ed |
| 20 | Fatehgarh Saahib | Rimt College Of Education, Village Harbanspura,Near Mandi Gobindgarh, Fatehgarh Sahib | 50 | Co.Ed |
| 21 | Fatehgarh Saahib | Desh Bhagat College Of Education,Mandi Gobindgarh,(Fatehgarh Sahib) | 50 | Co.Ed |
| 22 | Fatehgarh Saahib | Punjab College Of Education, Chunni Kalan, Fatehgarh Sahib | 100 | Co.Ed |
| 23 | Ferozpur | Babe Ke College Of Education V.P.O. Mudki (Ferozepur) | 50 | Co.Ed |
| 24 | Ferozpur | Hkl College Of Education,Guddar Dhandi Road,Guruharsahai(Ferozepur) | 50 | Co.Ed |
| 25 | Ferozpur | Brilliant College Of Education ,Bahmani Wala ,Jalalabad West ,Distt Fazilka | 50 | Co.Ed |
| 26 | Ferozpur | Guru Ram Dass B.Ed. College Jalalabad(West) (Fazilka) | 50 | Co.Ed |
| 27 | Ferozpur | Jyoti B.Ed.College Vill. Rampura,Fazilka | 50 | Co.Ed |
| 28 | Ferozpur | Lala Jagat Naryan Education College,Jalalabad,(W) Fazilka | 50 | Co.Ed |

| | | | | |
|---|---|---|---|---|
| 29 | Ferozpur | D.A.V.College Of Education,Abohar (Fazilka) | 50 | Co.Ed |
| 30 | Ferozpur | Kenway College Of Education, Hanumangarh Road, Tehsil Abohar-,152116 | 50 | Co.Ed |
| 31 | Ferozpur | Bankey Bihari College Of Education V.P.O Alamgarh, Tehsil Abohar-152116 | 50 | Co.Ed |
| 32 | Gurdaspur | Shivalik College Of Education, Mustafabad Jattan (Gurdaspur) | 50 | Co.Ed |
| 33 | Gurdaspur | Pathankot College Of Education, Pathankot | 50 | Co.Ed |
| 34 | Gurdaspur | S.M.D.R.S.D.Collegeof Education, Pathankot | 50 | Co.Ed |
| 35 | Gurdaspur | Sri Sai College Of Education Badhani (Pathankot) | 50 | Co.Ed |
| 36 | Gurdaspur | Aakarshan College Of Education Narot Jaimal Singh (Pathankot) | 50 | Co.Ed |
| 37 | Gurdaspur | Cheema Institute Of D.El.Ed.Kishankot (Gurdaspur) | 50 | Co.Ed |
| 38 | Gurdaspur | Baba Banda Singh Bahadur Institute Of Education, Dhariwal(Gurdaspur) | 50 | Co.Ed |
| 39 | Gurdaspur | V.M.S. College Of Education,Batala(Gurdaspur) | 50 | Co.Ed |
| 40 | Gurdaspur | S.Sukhjinder Singh Elementaryteacher Training Institute Hardochanni. Gurdaspur | 50 | Co.Ed |
| 41 | Gurdaspur | Baba Mehar Singh Memorial College Of Education (Purana Shalla (Gurdaspur) | 50 | Co.Ed |
| 42 | Hoshiarpur | Guru Nanak College Of Education,Dalewal(Hoshiarpur) | 50 | Co.Ed |
| 43 | Hoshiarpur | Sri Guru Gobind Singh College Of Education,Beghpur Kamlooh,Mukerian(Hoshiarpur) | 50 | Co.Ed |
| 44 | Hoshiarpur | Sant Baba Hari Singh Memorial Khalsa College Of Education,Mahilpur (Hoshiarpur) | 50 | Co.Ed |
| 45 | Jalandhar | St. Soldier College Of Education Behind R.E.C. (N.I.T), Byepass, Jalandhar | 50 | Co.Ed |
| 46 | Jalandhar | Paradise College Of Education. Geeta Colony, Kala Sanghian Road, Jalandhar | 50 | Co.Ed |
| 47 | Jalandhar | M.K.College Of Education Vill.Shahpur, Udhopur,Jalandhar | 50 | Co.Ed |
| 48 | Kapurthala | Lord Krishna College Of Education,Sultanpur Lodhi (Kapurthala) | 50 | Co.Ed |
| 49 | Ludhiana | L.J.M.College Of Education,Jalaldiwal,Raikot (Ludhiana) | 50 | Co.Ed |

| | | | | |
|---|---|---|---|---|
| 50 | Ferozpur | Maharishi Dayanand College Of Education Near Bsf Hanumangarh Road, Tehsil Abohar-,152116 | 50 | Co.Ed |
| 51 | Ludhiana | Sadbhavna College Of Education For Women,Jalaldiwal,Raikot (Ludhiana) | 50 | Girls |
| 52 | Ludhiana | Ghg College Of Teachers Training, Gondwal, Raikot, (Ldh) | 50 | Co.Ed |
| 53 | Ludhiana | Guru Ram Dass College Of Education, Halwara (Ludhiana) | 50 | Co.Ed |
| 54 | Ludhiana | Partap College Of Education, Ludhiana | 50 | Co.Ed |
| 55 | Mansa | K. S. Gill Institute Of Education, Raipur Road, Makha (Mansa) 151505 | 50 | Co.Ed |
| 56 | Mansa | Sant Sukhchain Singh Institute Of Education, Bareta Road, Vpo : Dharampura, Tehsil : Budhlada (Mansa) 151501 | 50 | Co.Ed |
| 57 | Mansa | Vidya Sagar Girls College Of Education, Budhlada Road, Bhikhi (Mansa) | 50 | Girls |
| 58 | Mansa | Bharat College Of Education, Khaira Khurd, Tehsil - Sardulgarh (Mansa) | 50 | Co.Ed |
| 59 | Mansa | Vidya Sagar College Of Elementary Education Vpo Ahlupur,Teh.Sardulgarh(Mansa) | 50 | Co.Ed |
| 60 | Mansa | Sangha College Of Education, Sangha, Sardulgarh(Mansa) | 50 | Co.Ed |
| 61 | Mansa | S. Milkha Singh Educational Institute, Bareta (Mansa) | 100 | Co.Ed |
| 62 | Mansa | Mata Gurdev Kaur Memorial Educational Institute, Bareta (Mansa) | 50 | Girls |
| 63 | Mansa | S.S.College Of Education Bikhi, (Mansa) | 50 | Co.Ed |
| 64 | Shri Muktsar Sahib | J.D.College Of Education, Muktsar (Shri Muktsar Sahib) | 50 | Co.Ed |
| 65 | Shri Muktsar Sahib | Muktisar Institute Of Higher Education,Sri Muktsar Sahib | 50 | Co.Ed |
| 66 | Shri Muktsar Sahib | Sant Kabir College Of Education,Vill.Rahurianwali,Sri Muktsar Sahib | 100 | Co.Ed |
| 67 | Shri Muktsar Sahib | Bawa Nihal Singh College Of Education,Sri Muktsar Sahib | 50 | Co.Ed |

| | | | | |
|---|---|---|---|---|
| 68 | Shri Muktsar Sahib | Little Angel College Of Education, Panniwala Fatta (Shri Muktsar Sahib) | 50 | Co.Ed |
| 69 | Shri Muktsar Sahib | Shree Satya Sai B.Ed. College, Vpo Karaiwala, Tehsil Gidderbaha, Dist. Sri Muktsar Sahib (Punjab) Pin Code 152112 | 50 | Co.Ed |
| 70 | Moga | Shukdeva Krishna College Of Education For Girls, Ghall Kalan (Moga) | 100 | **Girls** |
| 71 | Moga | Moga College Of Education For Girls,Ghall Kalan(M0Ga) | 50 | Girls |
| 72 | Moga | Babe Ke College Of Education,Daudhar(Moga) | 50 | **Co.Ed** |
| 73 | Moga | Lala Lajpat Rai Memorial College Of Education, Dhudike (Moga) | 50 | **Co.Ed** |
| 74 | Moga | Sant Darbara Singh College Of Education For Women,Lopon (Moga) | 50 | Girls |
| 75 | Moga | Satyam College Of Education, Ghall Kalan, Moga | 50 | Co.Ed |
| 76 | Moga | Baba Mangal Singh Institute Of Education Bughipura (Moga) | 50 | Co.Ed |
| 77 | Moga | Saint Kabir College Of Education Vill. Puranewala District-Moga | 50 | Co.Ed |
| 78 | Patiala | Karamjeet College Of Education,Rasulpur(Patiala) | 50 | Co.Ed |
| 79 | Patiala | Nancy College Of Education Samana (Patiala) | 50 | Co.Ed |
| 80 | Patiala | Shri Guru Teg Bahadur College Of Education,Harigarh Nabha, (Patiala) | 50 | CoEd |
| 81 | Patiala | Saint Kabir College Of Education,Kauli (Patiala) | 50 | Co.Ed |
| 82 | Patiala | Punjab College Of Education,Raipur,Bahadurgarh (Patiala) | 50 | Co.Ed |
| 83 | Patiala | Jasdev Singh Sandhu College Of Education,Kauli (Patiala) | 50 | Co.Ed |
| 84 | Ropar | Mehar Chand College Of Education Bhanopli Roopnagar | 50 | Co.Ed |
| 85 | Ropar | Shivalik Hills College Of Education,Village Patti(Nangal),Post Office Manakpur,Tehsil Nangal,Distt Ropar 140125 | 50 | Co.Ed |
| 86 | S.A.S nagar | Universal College Of Education Ballopur,Lalru(S.A.S.Nagar) | 50 | Co.Ed |

| | | | | |
|---|---|---|---|---|
| 87 | S.A.S nagar | New Universal College Of Education Ballopur,Lalru (S.A.S.Nagar) | 50 | Co.Ed |
| 88 | S.A.S nagar | Attri College Of Education For Girls Lalru Mandi Sas Nagar | 50 | Girls |
| 89 | S.A.S nagar | G,N.D. College Of Education Majatri, Mohali (S.A.S.Nagar) | 50 | Co.Ed |
| 90 | S.A.S nagar | Doaba College Of Education Ghataur (S.A.S.Nagar) | 50 | Co.Ed |
| 91 | S.A.S nagar | Saraswati Professional & Higher Education College Of Education, Gharuan (S.A.S.Nagar) | 50 | Co.Ed |
| 92 | S.B.S nagar | B.K.M.College Of Education Balachaur (S.B.S.Nagar) | 50 | Co.Ed |
| 93 | S.B.S nagar | Sai College Of Education, Jadla (Nawashahr) | 100 | Co.Ed |
| 94 | S.B.S nagar | Rayat College Of Education, Nawanshahr | 50 | Co.Ed |
| 95 | Sangrur | Life Guard Instititue Of Education Vill Bhindran, Sangrur | 50 | Co.Ed |
| 96 | Sangrur | Asra College Of Education, Village Rajpura, Tehsil Bhawanigarh, Sangrur | 50 | Co.Ed |
| 97 | Sangrur | Vidya Sagar Institute Of Education, Daulatpur Road Dhuri Sangrur | 50 | Girls |
| 98 | Mansa | Dasmesh Institute Of Education, Nangal Kalan (Mansa) | 50 | Co.Ed |
| 99 | Sangrur | Mata Gujri College Of Education Vpo Badrukhan, Sangrur | 50 | Co.Ed |
| 100 | Sangrur | B.U College Of Education Uppoki (Uppal Kheri), Tehsil Malerkotla, Sangrur | 50 | Co.Ed |
| 101 | Sangrur | Guru Gobind Singh College Of Education Barnala | 50 | Co.Ed |
| 102 | Sangrur | Kings College Of Education, Vpo Dihati Barnala, Patti Road, Barnala | 50 | Co.Ed |
| 103 | Sangrur | Colonel Elementary Teacher Education School C/O Colonel College Of Education,Chural Kalan,Sangrur | 50 | Co.Ed |
| 104 | Sangrur | Sainik Elementary Teacher Training College, Vpo Chural Kalan,Teh Lehra, Distt Sangrur | 50 | Co.Ed |
| 105 | Sangrur | Lord Mahavira College Of Education,Vpo Hamirgarh,Moonak,Distt Sangrur | 50 | Co.Ed |
| 106 | Sangrur | Bibi Bhani College Of Education, Badbar Road,Village Longowal, Sangrur | 50 | Co.Ed |
| 107 | Sangrur | Modern College Of Education Birkalan, Sangrur | 50 | Co.Ed |

| | | | | |
|---|---|---|---|---|
| 108 | Sangrur | Shaheed Udham Singh Elementary Teacher Training Institute,Vpo Mehlan Chowk ,Tehsil Sunam(Sangrur) | 50 | Co.Ed |
| 109 | Sangrur | Shaheed Udham Singh College Of Education,Vpo Mehlan Chowk ,Tehsil Sunam(Sangrur) | 50 | Co.Ed |

## ਸਰਟੀਫਿਕੇਟ

| ਡਾਇਟ ਦਾ ਨਾਂ ਅਤੇ ਜਿਲ੍ਹਾ | ਲੜੀ ਨੰ: | ਜਿਲ੍ਹੇ ਦੀ ਡਾਇਟ ਅਤੇ ਅਧੀਨ ਆਉਂਦੇ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜ ਦੇ ਨਾਂ | ਕੀ ਕਾਲਜ ਵੱਲੋਂ ਆਨ ਲਾਈਨ ਅਪਡੇਸ਼ਨ ਕਰ ਦਿੱਤੀ ਹੈ ਜਾਂ ਨਹੀਂ (ਹਾਂ ਜਾਂ ਨਾਂ ਕਾਲਮ ਵਿੱਚ ਭਰੋ) |
|---|---|---|---|
| | 1. | | |
| | 2. | | |
| | 3. | | |
| | 4. | | |
| | 5. | | |
| | 6. | | |
| | 7. | | |
| | 8. | | |